ਸਤੰਬਰ ਪ੍ਰੀਖਿਆ, 2022

ਦੱਸਵੀਂ : ਸਮਾਜਿਕ ਸਿੱਖਿਆ

ਕੁੱਲ ਸਮਾਂ : 3 ਘੰਟੇ ਕੁੱਲ ਅੰਕ: 80

ਨੋਟ:- 1. ਸਾਰੇ ਸਵਾਲ ਲਾਜ਼ਮੀ ਹਨ।

2. ਪ੍ਰਸ਼ਨ ਪੱਤਰ ਵਿੱਚ ਛੇ ਭਾਗ -ੳ, ਅ, ੲ, ਸ, ਹ ਅਤੇ ਕ ਹੋਣਗੇ।

ਭਾਗ-ੳ

ਬਹੁ ਵਿਕਲਪੀ ਪ੍ਰਸ਼ਨ:-

1. ਭਾਰਤ ਦੇ ਕਿਸ ਰਾਜ ਵਿੱਚ ਜਨਸੰਖਿਆ ਸਭ ਤੋਂ ਘੱਟ ਹੈ ?
1 ਸਿੱਕਿਮ 2.ਗੋਆ 3 ਮਿਜ਼ੋਰਮ 4 ਤ੍ਰਿਪੁਰਾ

2. ਪੱਛਮੀ ਬੰਗਾਲ ਵਿੱਚ ਤੂਫਾਨੀ ਚੱਕਰਵਾਤ ਨੂੰ ਕੀ ਕਿਹਾ ਜਾਂਦਾ ਹੈ ?
1.ਮਾਨਸੂਨੀ ਵਰਖਾ 2.ਮੋਹਲੇਧਾਰ ਵਰਖਾ 3.ਕਾਲ ਵਿਸਾਖੀ 4.ਮਾਨਸੂਨ ਦਾ ਫਟਣਾ

3. ਕਿਸ ਰਾਜ ਵਿਚ ਸਭ ਤੋਂ ਵੱਧ ਜੰਗਲ ਪਾਏ ਜਾਂਦੇ ਹਨ ? 1.ਅਰੁਣਾਚਲ ਪ੍ਰਦੇਸ਼ 2.ਮੱਧ ਪ੍ਰਦੇਸ਼ 3 ਤ੍ਰਿਪੁਰਾ 4.ਅਸਾਮ

4. ਜਦੋਂ ਇੱਕ ਦੇਸ਼ ਦੂਸਰੇ ਦੇਸ਼ ਤੋਂ ਵਸਤਾਂ ਅਤੇ ਸੇਵਾਵਾਂ ਮੰਗਵਾਉਂਦਾ ਹੈ ਤਾਂ ਉਸਨੂੰ ਕੀ ਕਿਹਾ ਜਾਂਦਾ ਹੈ?
1. ਆਯਾਤ 2. ਨਿਰਯਾਤ 3. ਉਤਪਾਦਨ 4. ਆਮਦਨ

5. ਉਪਭੋਗਤਾ ਦੀਆਂ ਲੋੜਾਂ ਦੀ ਸੰਤੁਸ਼ਟੀ ਵਿੱਚ ਸ਼ਾਮਲ ਹੈ : 1. ਵਸਤੂਆਂ 2. ਸੇਵਾਵਾਂ 3. ਵਸਤੂਆਂ ਅਤੇ ਸੇਵਾਵਾਂ 4. ਇਹਨਾਂ ਵਿੱਚੋਂ ਕੋਈ ਨਹੀਂ।

6. ਸੰਸਾਰ ਵਿੱਚ ਭਾਰਤੀ ਰੇਲਵੇ ਨੈਟਵਰਕ ਦਾ ਕੀ ਸਥਾਨ ਹੈ?
1. ਪਹਿਲਾ 2. ਤੀਸਰਾ 3. ਚੌਥਾ 4. ਪੰਜਵਾਂ

7. ਪੰਜਾਬ ਭਾਰਤ ਦੀ ਕਿਸ ਸੀਮਾ ਤੇ ਸਥਿੱਤ ਹੈ?
1. ਉੱਤਰ-ਪੂਰਬ 2. ਉੱਤਰ-ਪੱਛਮ 3. ਉੱਤਰ-ਦੱਖਣ 4. ਦੱਖਣ-ਪੱਛਮ

8. ਮੁਸਲਮਾਨੀ ਸਮਾਜ ਵਿੱਚ ਨਿਆਂ ਕਰਨ ਦਾ ਕੰਮ ਕਿੰਨਾ ਨੂੰ ਦਿੱਤਾ ਜਾਂਦਾ ਸੀ?
1. ਸਰਕਾਰੀ ਕਰਮਚਾਰੀਆਂ ਨੂੰ 2. ਅਮੀਰ ਸਰਦਾਰਾਂ ਨੂੰ 3. ਕਾਜ਼ੀਆਂ ਨੂੰ 4. ਸਿਪਾਹੀਆਂ ਨੂੰ

9. ਮਾਤਾ ਖੀਵੀ ਜੀ ਕੌਣ ਸਨ ?
1. ਗੁਰੂ ਅੰਗਦ ਦੇਵ ਜੀ ਦੀ ਪਤਨੀ 2. ਗੁਰੂ ਅੰਗਦ ਦੇਵ ਜੀ ਦੀ ਮਾਤਾ 3. ਗੁਰੂ ਅੰਗਦ ਦੇਵ ਜੀ ਦੀ ਸੱਸ 4. ਇਹਨਾਂ ਵਿੱਚੋਂ ਕੋਈ ਨਹੀਂ

10. ਭਾਰਤੀ ਸੰਵਿਧਾਨ ਵਿੱਚ ਕਿੰਨੇ ਅਨੁਛੇਦ ਹਨ?
1. 395 2. 296 3. 550 4. 250

11. ਪੰਜਾਬ ਤੋਂ ਲੋਕ ਸਭਾ ਦੇ ਕਿੰਨੇ ਮੈਂਬਰ ਚੁਣੇ ਜਾਂਦੇ ਹਨ ? 1. ਸੱਤ 2. ਤੇਰਾਂ 3. ਦਸ 4. ਨੌਂ

12. ਭਾਰਤੀ ਸੈਨਾ ਦਾ ਸੁਪਰੀਮ ਕਮਾਂਡਰ ਕੌਣ ਹੁੰਦਾ ਹੈ ? 1. ਰੱਖਿਆ ਮੰਤਰੀ 2. ਪ੍ਰਧਾਨ ਮੰਤਰੀ 3. ਰਾਸ਼ਟਰਪਤੀ 4. ਮੁੱਖ ਜੱਜ (12X1=12)

ਭਾਗ-ਅ 2.

ਵਸਤੂਨਿਸ਼ਠ ਪ੍ਰਸ਼ਨ:-

1. ਭਾਰਤ ਦਾ ਆਧੁਨਿਕ ਨਾਮ ਇੰਡੀਆ ਕਿਸ ਧਾਰਨਾ 'ਤੇ ਆਧਾਰਤ ਹੈ ?

2. ਭਾਰਤ ਦੇ ਜੁਆਨ ਅਤੇ ਪ੍ਰਾਚੀਨ ਪਹਾੜਾਂ ਦੇ ਨਾਮ ਦੱਸੋ।

3. 'ਮੌਨਸੂਨ ਦਾ ਫੱਟਣਾ' ਕੀ ਹੁੰਦਾ ਹੈ?
4. ਸਵੈ- ਚਲਿਤ ਨਿਵੇਸ਼ ਦਾ ਕੀ ਅਰਥ ਹੈ?
5. ਰਾਸ਼ਟਰੀ ਆਮਦਨ ਦੀ ਪਰਿਭਾਸ਼ਾ ਦਿਓ।
6. ਭਾਰਤ ਦੇ  ਕੇਂਦਰੀ ਬੈਂਕ ਦਾ ਨਾਮ ਦੱਸੋ
7. ਦੁਆਬ ਬਾਰੀ ਨੂੰ ਮਾਝਾ ਕਿਉਂ ਕਿਹਾ ਜਾਂਦਾ ਹੈ ਤੇ ਇਸ ਦੇ ਵਸਨੀਕਾਂ ਨੂੰ ਕੀ ਕਹਿੰਦੇ ਹਨ?
8. 'ਦਸਵੰਧ' ਤੋਂ ਕੀ ਭਾਵ ਹੈ?
9. ਗੁਰੂ ਨਾਨਕ ਦੇਵ ਜੀ ਕਿਹੋ ਜਿਹਾ ਜਨੇਊ ਚਾਹੁੰਦੇ ਸਨ? 10. ਸੰਵਿਧਾਨ ਤੋਂ ਤੁਹਾਡਾ ਕੀ ਭਾਵ ਹੈ ?
11. ਰਾਜ ਸਭਾ ਦੇ ਮੈਂਬਰਾਂ ਦਾ ਕਾਰਜਕਾਲ ਕਿੰਨ੍ਹਾਂ ਹੈ?
12. ਭਾਰਤੀ ਸੰਵਿਧਾਨ ਦੀ ਇਕ ਵਿਸ਼ੇਸ਼ਤਾ ਦੱਸੋ। (12X1=12)

ਭਾਗ-ੲ

3. ਇਸ ਭਾਗ ਦੇ 8 ਉਪ-ਭਾਗ (ਪ੍ਰਸ਼ਨ) ਹਨ।
ਹਰੇਕ ਪ੍ਰਸ਼ਨ 3 ਅੰਕ ਦਾ ਹੈ। ਹਰੇਕ ਪ੍ਰਸ਼ਨ ਦਾ ਉੱਤਰ ਲਗਭੱਗ 30-50 ਸ਼ਬਦਾਂ ਵਿੱਚ ਦਿਓ।
1. ਭਾਰਤ ਦੀਆਂ ਅਨੇਕਤਾਵਾਂ ਵਿੱਚ ਏਕਤਾ ਨੂੰ ਦੋ ਤੱਥਾਂ ਨਾਲ ਸਪੱਸ਼ਟ ਕਰੋ।
2. ਮੁੰਬਈ ਨਾਗਪੁਰ ਦੇ ਮੁਕਾਬਲੇ ਠੰਡਾ ਹੈ। ਕਾਰਨ ਦੱਸੋ।
3. ਰਾਸ਼ਟਰੀ ਆਮਦਨ ਦੀ ਪਰਿਭਾਸ਼ਾ ਦਿਓ। ਰਾਸ਼ਟਰੀ ਆਮਦਨ ਅਤੇ ਘਰੇਲੂ ਆਮਦਨ ਵਿਚ ਕੀ ਅੰਤਰ ਹੈ?
4. ਬੱਚਤ  ਤੋਂ ਕੀ ਭਾਵ ਹੈ? ਔਸਤ ਬੱਚਤ ਪ੍ਰਵਿਰਤੀ ਅਤੇ ਸੀਮਤ ਬੱਚਤ ਪ੍ਰਵਿਰਤੀ ਦੀ ਪਰਿਭਾਸ਼ਾ ਦਿਓ।
5. ਭਿੰਨ -ਭਿੰਨ ਕਾਲਾਂ ਵਿੱਚ ਪੰਜਾਬ ਦੀਆਂ ਹੱਦਾਂ ਬਾਰੇ ਜਾਣਕਾਰੀ ਦਿਉ ।
6. ਰਾਮਦਾਸਪੁਰ ਜਾਂ ਅੰਮ੍ਰਿਤਸਰ ਦੀ ਸਥਾਪਨਾ ਦਾ ਵਰਣਨ ਕਰੋ।
7. ਸਮਾਨਤਾ ਦਾ ਅਧਿਕਾਰ ਦਾ ਸੰਖੇਪ ਵਰਣਨ ਕਰੋ।
8. ਲੋਕ ਸਭਾ ਦੇ ਸਪੀਕਰ ਦੀ ਲੋਕ ਸਭਾ ਵਿਚ ਨਿਭਾਈ ਜਾਂਦੀ ਭੂਮਿਕਾ ਬਾਰੇ ਨੋਟ ਲਿਖੋ।  (8X3=24)

ਭਾਗ-ਸ

4. ਪ੍ਰਸ਼ਨ ਨੰਬਰ 4 ਵਿੱਚ 8 ਉਪ-ਭਾਗ (ਪ੍ਰਸ਼ਨ) ਹਨ। ਹਰੇਕ ਪ੍ਰਸ਼ਨ 4 ਅੰਕ ਦਾ ਹੈ। ਵਿਦਿਆਰਥੀਆਂ ਨੇ 8 ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨ ਕਰਨੇ ਹਨ। ਹਰੇਕ ਪ੍ਰਸ਼ਨ ਦਾ ਉੱਤਰ 80-100 ਸ਼ਬਦਾਂ ਵਿੱਚ ਦਿਓ।
1. ਭਾਰਤ ਦੇ ਜਲਵਾਯੂ ਨੂੰ ਕਿਹੜੇ-ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ?
2. ਹਿਮਾਲਿਆ ਦੀ ਉੱਤਪਤੀ ਤੇ ਬਣਤਰ 'ਤੇ ਇੱਕ ਨੋਟ ਲਿਖੋ ਅਤੇ ਦੱਸੋ ਕਿ ਕੀ ਇਹ ਅਜੇ ਉੱਚੇ ਉੱਠ ਰਹੇ ਹਨ?
3. ਬਜਟ ਕਿਸ ਨੂੰ ਕਹਿੰਦੇ ਹਨ? ਭਾਰਤ ਸਰਕਾਰ ਦੇ ਬਜਟ ਵਿੱਚ ਆਮਦਨ ਅਤੇ ਖ਼ਰਚਿਆਂ ਦੀਆਂ ਮੁੱਖ ਮੱਦਾਂ ਕਿਹੜੀਆਂ ਹਨ?
4. ਸਰਵਜਨਕ ਖਰਚੇ ਦਾ ਕੀ ਅਰਥ ਹੈ? ਸਰਵਜਨਕ ਖਰਚੇ  ਕਿੰਨੀ ਤਰਾਂ ਦੇ ਹੁੰਦੇ ਹਨ!
5. ਪੰਜਾਬ ਦੇ ਮੈਦਾਨੀ ਖੇਤਰ ਦਾ ਵਰਨਣ ਕਰੋ ।
6. ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੀ ਰਾਜਨੀਤਿਕ ਅਵਸਥਾ ਦਾ ਵਰਨਣ ਕਰੋ।
7. ਪ੍ਰਸਤਾਵਨਾ ਵਿੱਚ ਦਰਸਾਏ ਉਦੇਸ਼ਾਂ ਦਾ ਸੰਖੇਪ ਵਰਣਨ ਕਰੋ।
8. ਸੰਸਦ ਦੀਆਂ ਕਿਸੇ ਚਾਰ ਸ਼ਕਤੀਆਂ ਦਾ ਵਰਣਨ ਕਰੋ?  (4X4=16)

ਭਾਗ-ਹ

5. ਸਰੋਤ ਅਧਾਰਿਤ ਪ੍ਰਸ਼ਨ:-
1. ਮਾਨਸੂਨ ਨੂੰ ਦੇਸ਼ ਦਾ ਉਹ ਕੇਂਦਰੀ ਧੁਰਾ ਮੰਨਿਆ ਜਾਂਦਾ ਹੈ ਜਿਸ ਉੱਤੇ ਖੇਤੀਬਾੜੀ ਦਾ ਸਮੁੱਚਾ ਆਰਥਕ ਢਾਂਚਾ ਨਿਰਭਰ ਕਰਦਾ ਹੈ। ਮਾਨਸੂਨੀ ਵਰਖਾ ਜਦੋਂ ਸਮੇਂ ਸਿਰ 'ਤੇ ਸਹੀ ਮਾਤਰਾ ਵਿੱਚ ਹੋ ਜਾਂਦੀ ਹੈ ਤਾਂ ਖੇਤੀ ਦਾ ਉਤਪਾਦਨ ਵੱਧ ਜਾਂਦਾ ਹੈ ਤੇ ਹਰ ਪਾਸੇ ਹਰਿਆਲੀ ਨਜ਼ਰ ਆਉਂਦੀ ਹੈ। ਇਨ੍ਹਾਂ ਦੀ ਅਸਫ਼ਲਤਾ ਦੇ ਕਾਰਨ ਫ਼ਸਲਾਂ ਸੁੱਕ ਜਾਂਦੀਆਂ ਹਨ। ਇਸ ਪ੍ਰਕਾਰ ਖੇਤੀਬਾੜੀ ਦੇ ਵਿਕਾਸ ਅਤੇ ਮਾਨਸੂਨੀ ਵਰਖਾ ਦਾ ਦੇਸ਼ ਅੰਦਰ ਬਹੁਤ ਗੂੜ੍ਹਾ ਸੰਬੰਧ ਬਣ ਜਾਂਦਾ ਹੈ । ਭਾਰਤ ਦੇ ਸਮਾਜ ਅਤੇ ਸੱਭਿਆਚਾਰ ਤੇ ਮਾਨਸੂਨ ਪੌਣਾਂ ਦਾ ਅਸਰ ਦੇਖਣ ਨੂੰ ਮਿਲਦਾ ਹੈ। ਲੋਕਾਂ ਦੇ ਪਹਿਰਾਵੇ, ਖਾਣ-ਪੀਣ ਅਤੇ ਰੀਤੀ ਰਿਵਾਜ 'ਤੇ ਮਾਨਸੂਨ ਪੌਣਾਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਇਸ ਦੇ ਆਉਣ ਦੀ ਉਡੀਕ ਵਿੱਚ ਲੋਕ-ਗੀਤ ਗਾਏ ਜਾਂਦੇ ਹਨ ਜਿਵੇਂ ਪੰਜਾਬ ਵਿੱਚ ਸਾਉਣ ਦੀਆਂ ਤੀਆਂ, ਹਰਿਆਣੇ ਦਾ ਸਾਵਣ, ਭੋਜਪੁਰ ਵਿੱਚ ਕਜਰੀ ਤੇ ਬ੍ਰਿਜ ਵਿੱਚ ਮਲਹਾਰ ਆਦਿ।ਦੇਸ਼ ਦੇ ਧਾਰਮਿਕ ਜੀਵਨ 'ਤੇ ਵੀ ਮਾਨਸੂਨ ਪੌਣਾਂ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਮਾਨਸੂਨੀ ਜਲਵਾਯੂ ਨੇ ਲੋਕਾਂ ਨੂੰ ਕਿਸਮਤਵਾਦੀ ਬਣਾ ਦਿੱਤਾ ਹੈ ਜਿਸ ਲਈ ਲੋਕ ਯੱਗ ਕਰਦੇ ਹਨ। ਅਨੇਕਾਂ ਤਿਉਹਾਰ ਵੀ ਮੌਨਸੂਨ ਨਾਲ ਜੁੜੇ ਹੋਏ ਹਨ ਜਿਵੇਂ ਪੰਜਾਬ ਦਾ ਤਿਉਹਾਰ ਵਿਸਾਖੀ ਇਸ ਦੀ ਉਦਾਹਰਨ ਹੈ।
ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਉਪਰੋਕਤ ਪੈਰ੍ਹੇ ਵਿੱਚੋਂ ਪੜ੍ਹਕੇ ਦਿਉ:-  (4X1=4)
1. ਖੇਤੀਬਾੜੀ ਦਾ ਸਮੁੱਚਾ ਆਰਥਕ ਢਾਂਚਾ ਕਿਸ ਚੀਜ਼ ਉੱਪਰ ਨਿਰਭਰ ਕਰਦਾ ਹੈ ?

2. ਮਾਨਸੂਨ  ਦੇ ਆਉਣ ਦੀ ਉਡੀਕ ਵਿੱਚ ਕਿਹੜੇ-ਕਿਹੜੇ ਲੋਕ-ਗੀਤ ਗਾਏ ਜਾਂਦੇ ਹਨ ?
3. ਕਿਸ ਚੀਜ਼ ਨੇ ਭਾਰਤੀ ਲੋਕਾਂ ਨੂੰ ਕਿਸਮਤਵਾਦੀ ਬਣਾ ਦਿੱਤਾ ਹੈ ?
4. ਮਾਨਸੂਨ ਵਰਖਾ ਦੇ ਖੇਤੀਬਾੜੀ ਨੂੰ ਕਿਹੜੇ -ਕਿਹੜੇ ਫਾਇਦੇ ਹੁੰਦੇ ਹਨ?

2. ਬਾਬਰ ਨਵੰਬਰ, 1525 ਈਸਵੀ ਵਿਚ 12000 ਸੈਨਿਕਾਂ ਨਾਲ ਕਾਬਲ ਤੋਂ ਪੰਜਾਬ ਵੱਲ ਵਧਿਆ। ਬਾਬਰ ਸਭ ਤੋਂ ਪਹਿਲਾਂ ਦੌਲਤ ਖਾਂ  ਲੋਧੀ ਨੂੰ ਦੰਡ ਦੇਣਾ ਚਾਹੁੰਦਾ ਸੀ ਪਰ ਦੌਲਤ ਖ਼ਾਂ ਲੋਧੀ ਆਪਣੇ ਪੁੱਤਰ ਗਾਜ਼ੀ ਖਾਂ ਸਮੇਤ ਲਾਹੌਰ ਤੋਂ ਦੌੜ ਗਿਆ ਤੇ ਅੰਤ ਨੂੰ ਉਸ ਨੇ ਬਾਬਰ ਅੱਗੇ ਹਥਿਆਰ ਸੁੱਟ ਦਿੱਤੇ। ਇੱਥੋਂ ਬਾਬਰ ਪੰਜਾਬ ਦੇ ਉਪ ਪ੍ਰਾਂਤ ਸਰਹਿੰਦ ਵੱਲ ਵਧਿਆ। ਉਸ ਨੇ ਸਭ ਤੋਂ ਪਹਿਲਾਂ ਅੰਬਾਲਾ ਜਿੱਤਿਆ। ਹਾਂਸੀ, ਹਿਸਾਰ ਅਤੇ ਫਿਰੋਜ਼ਾ ਜਿੱਤਣ ਲਈ ਉਸ ਨੇ ਆਪਣੇ ਪੁੱਤਰ ਹਮਾਯੂੰ ਨੂੰ ਭੇਜਿਆ। ਇੱਥੋਂ ਬਾਬਰ ਪਾਣੀਪਤ ਜਿੱਤਣ ਲਈ ਦਿੱਲੀ ਵੱਲ ਵਧਿਆ। ਉਸਨੇ ਪਾਣੀਪਤ ਪੁੱਜ ਕੇ ਆਪਣਾ ਪੜ੍ਹਾਅ ਕੀਤਾ ਤੇ ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਵੀ ਉਸਦਾ ਮੁਕਾਬਲਾ ਕਰਨ ਲਈ ਇੱਕ ਲੱਖ ਸੈਨਾ ਲੈ ਕੇ ਅੱਗੇ ਵਧਿਆ। ਬਾਬਰ ਇੱਕ ਹਫ਼ਤਾ ਚੁੱਪ ਚਾਪ ਬੈਠਾ ਰਿਹਾ। 21 ਅਪ੍ਰੈਲ 1526 ਈਸਵੀ ਨੂੰ ਪਹਿਲਾਂ ਇਬਰਾਹੀਮ ਲੋਧੀ ਦੀ ਫੌਜ ਨੇ ਹਮਲਾ ਕੀਤਾ। ਉਹ ਫ਼ੌਜ ਬਾਬਰ ਦੀਆਂ ਬੈਲਗੱਡੀਆਂ ਕੋਲ ਪੁੱਜ ਕੇ ਰੁੱਕ ਗਈ। ਬਾਬਰ ਦੇ ਤੋਪਖ਼ਾਨੇ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਬਰਾਹੀਮ ਲੋਧੀ ਦੇ ਹਾਥੀਆਂ ਨੇ ਜ਼ਖ਼ਮੀ ਹੋ ਕੇ ਪਿੱਛੇ ਮੁੜ ਕੇ ਆਪਣੀ  ਹੀ ਫੌਜ ਨੂੰ ਕੁਚਲ ਦਿੱਤਾ। ਬਾਬਰ ਦੇ ਤੁਲਗਮਾ ਦਸਤਿਆਂ ਨੇ ਸੱਜੇ ਅਤੇ ਖੱਬੇ ਪਾਸਿਆਂ ਤੋਂ ਅੱਗੇ ਵੱਧ ਕੇ ਪਿੱਛੋਂ ਵੈਰੀ ਨੂੰ ਘੇਰ ਲਿਆ। ਇਬਰਾਹੀਮ ਲੋਧੀ ਅਤੇ ਉਸ ਦੇ ਪੰਦਰਾਂ ਹਜ਼ਾਰ ਸੈਨਿਕ ਮਾਰੇ ਗਏ। ਬਾਬਰ ਨੂੰ ਪੰਜਾਬ ਉੱਤੇ ਪੂਰਨ ਜਿੱਤ ਪ੍ਰਾਪਤ ਹੋਈ।

ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਉਪਰੋਕਤ ਪੈਰ੍ਹੇ ਵਿੱਚੋਂ ਪੜ੍ਹਕੇ ਦਿਉ:- (4X1=4)

1. ਬਾਬਰ ਕਦੋਂ ਕਾਬੁਲ ਤੋਂ ਪੰਜਾਬ ਵੱਲ ਆਇਆ ਸੀ ?
2. ਬਾਬਰ ਅੱਗੇ ਕਿਸ ਨੇ ਆਪਣੇ ਹਥਿਆਰ ਸੁੱਟ ਦਿੱਤੇ ?
3. ਬਾਬਰ ਨੇ ਕਿਹੜੇ ਪ੍ਰਾਂਤਾਂ ਨੂੰ ਜਿੱਤਣ ਲਈ ਹਮਾਯੂੰ ਨੂੰ ਭੇਜਿਆ ਸੀ ?
4. ਬਾਬਰ ਨੂੰ ਪੂਰਨ ਰੂਪ ਵਿੱਚ ਪੰਜਾਬ ਦੀ ਜਿੱਤ ਕਦੋਂ ਪ੍ਰਾਪਤ ਹੋਈ ?

## ਭਾਗ-ਕ

6. (ੳ) ਭਾਰਤ ਦੇ ਨਕਸ਼ੇ ਵਿੱਚ ਕੋਈ ਚਾਰ ਸਥਾਨ ਦਿਖਾਓ: (4x1=4)

1. ਚੇਨੱਈ  2. ਕੈਲਾਸ਼ ਪਰਬਤ ਸ਼੍ਰੇਣੀ 3. ਅਲਾਹਾਬਾਦ  4. ਲਕਸ਼ਦੀਪ  5. ਬਹੁਤ ਹੀ ਘੱਟ ਵਰਖਾ ਵਾਲਾ ਇਕ ਖੇਤਰ

(ਅ) ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਕੋਈ ਚਾਰ ਸਥਾਨ ਦਰਸਾਓ:- (4x1=4)

1 ਅਨੰਦਪੁਰ ਸਾਹਿਬ  2. ਚਮਕੌਰ ਸਾਹਿਬ  3. ਭੰਗਾਣੀ  4. ਨਿਰਮੋਹ  5. ਮੁਕਤਸਰ ਸਾਹਿਬ

Sharanjit kaur, SS Mistress, Quila Nau, Faridkot.